# ਚੋਂਬੜ

ਫਸਟ ਡਵੀਜ਼ਨ ਵਿਚ ਐਮ. ਏ. ਪਾਸ ਕਰਨ ਪਿਛੋਂ ਭਗਵੰਤ ਨੂੰ ਨੌਕਰੀ ਦੀ ਰਤਾ ਚਾਹ ਨਹੀਂ ਸੀ । ਦੁਨਿਆਵੀ ਰੀਝਾਂ ਵਲ ਉਸ ਦਾ ਮਨ ਆਉਂਦਾ ਹੀ ਨਹੀਂ ਸੀ । ਇਸ ਵਿਚ ਉਸਨੂੰ ਸੁਖ ਦੀ ਕੋਈ ਝਲਕ ਨਹੀਂ ਸੀ ਦਿਸਦੀ। ਮੋਟਰਾਂ ਬਾਹਰ ਖਲ੍ਹਾਰ, ਬਾਂਹ ਵਿਚ ਬਾਂਹ ਪਾ, ਹਸਦੇ ਹਸਦੇ ਲਾਹੌਰ ਦੇ ਹੋਟਲਾਂ ਫਿਰ ਵੜਦੇ ਜੋੜੇ, ਟੀਚਰਵ ਕਰਾਏ ਹੋਏ ਜਗ ਮਗ ਕਰਦੇ ਡਾਕ ਗਡੀਆਂ ਦੇ ਫਸਟ ਕਲਾਸ ਦੇ ਡਬਿਆਂ ਵਿਚ ਸਿਆਲ ਦੀਆਂ ਰਾਤਾਂ ਨੂੰ ਲਿਸ਼ਕਦੀਆਂ ਰਜ਼ਾਈਆਂ ਲੈ ਕੇ ਸੱਤੇ ਹੋਏ ਟੱਬਰ, ਸ਼ਰੀਕਾਂ ਦੀ ਰੁਜ਼ਗਾਰ ਬਾਰੇ ਮਖੌਲੀਆ ਪੁਛ ਗਿਛ ਤੇ ਕਿਸੇ ਮਾਮੂਲੀ ਕੰਮ ਲਈ ਗਿਆਂ ਅਫਸਰਾਂ ਪਾਸੋਂ ਝਾੜ ਝਪਾੜ ਉਸ ਦੇ ਮਨ ਵਿਚ ਦੁਨਿਆਵੀ ਪਾਸੇ ਵਲ ਕੋਈ ਉਤਸ਼ਾਹ ਪੈਦਾ ਨਹੀ ਕਰ ਸਕੇ ਸਨ । ਉਤ੍ਹਾਂ ਚੜ੍ਹਨ ਦੀ ਤਾਂਘ ਨੂੰ ਉਹ ਇਕ ਲੋਭ ਤੇ ਹਿਰਸ ਸਮਝਦਾ ਸੀ ਤੇ ਲੋਭੀ ਆਦਮੀ ਹਰ ਵੇਲੇ ਆਪਣੇ ਆਲੇ ਦੁਆਲੇ ਤੇ ਆਂਢ ਗੁਆਂਢ ਨਾਲ ਟਕਰ ਲੈਂਦੇ ਰਹਿਣ ਕਰਕੇ ਕਦੀ ਖੁਸ਼ ਨਹੀਂ ਹੋ ਸਕਦਾ ਸੀ। ਇਹ ਪ੍ਰਿਥਵੀ ਏਡੀ ਵਡੀ ਸੀ ਕਿ ਬੰਦਾ ਭਾਵੇਂ ਕਿੱਡਾ ਵਜ਼ਾ ਹੋ ਜਾਵੇ ਉਹ ਇਸ ਵਿਚ ਬਹੁਤਾ ਰੜਕ ਨਹੀਂ ਸਕਦਾ ਸੀ। ਤੇ ਜੇ ਕੋਈ ਸਾਰੀ ਦੁਨੀਆਂ ਦਾ ਧਿਆਨ ਅਪਣੇ ਵਲ ਖਿਚ ਵੀ ਲਵੇ ਤਾਂ ਸਮਾਂ ਸਹਿਜੇ ਸਹਿਜੇ ਉਸ ਨੂੰ ਖ਼ਤਮ ਕਰ

ਦੇਂਦਾ ਸੀ । ਇਕ ਵੇਰ ਉਸ ਇਕ ਵਡੇ ਕਾਰਖਾਨੇ ਵਿਚੋਂ ਮਜ਼ਦੂਰ 'ਨਿਕਲਦੇ ਵੇਖੇ ਸਨ । ਪਲ ਦੇ ਪਲ ਵਿਚ ਇਹ ਹਜ਼ਾਰਾਂ ਦੀ ਗਿਣਤੀ ਵਿਚ ਸੜਕ ਤੇ ਖਿਲਰ ਗਏ ਸਨ । ਇਨ੍ਹਾਂ ਵਿਚੋਂ ਹਰ ਇਕ ਦੇ ਦਿਲ ਵਿਚ ਕਿੱਨੀਆਂ ਕਿੱਨੀਆਂ ਤਾਂਘਾਂ ਤੇ ਲੋਚਾਂ ਹੋਣਗੀਆਂ, ਆਪਣਾਂ ਗ੍ਰਿਹ ਵਧਵਾਣ ਦੀਆਂ, ਇਕ ਦੋ ਮਿਤ੍ਰਾਂ ਨੂੰ ਹਮਖ਼ਿਆਲ ਬਣਾਣ ਦੀਆਂ, ਆਪਣੀ ਇਸਤ੍ਰੀ ਸਾਹਮਣੇ ਨਾਢੂ ਖ਼ਾਨ ਬਣਨ ਦੀਆਂ ਜਾਂ ਹੋਰ ਸਾਕ ਸੰਗ ਤੋਂ ਉਰਿਆਂ ਹਣ ਦੀਆਂ ਪਰ ਇਨ੍ਹਾਂ ਦੇ ਦਿਲਾਂ ਦੀਆਂ ਇਹ ਕਲਪਨਾਂ ਤੇ ਰੋੜਕੇ ਵਾਧੂ ਜਹੇ ਹੀ ਸਨ । ਕਸੇ ਵੇਖਣ ਵਾਲੇ ਨੂੰ ਕੀ ਪਤਾ ਸੀ ਕਿ ਇਨ੍ਹਾਂ ਤਾਂਘਾਂ ਵਿਚ ਉਨ੍ਹਾਂ ਨੂੰ ਕਿਨੀ ਕੁ ਜਿਤ ਪ੍ਰਾਪਤ ਸੀ । ਉਸ ਵਾਸਤੇ ਉਹ ਸਾਰੇ ਮਜ਼ਦੂਰ ਹੀ ਸਨ, ਤੇਲ ਨਾਲ ਲਿਬੜੇ ਕਪੜਿਆਂ ਵਿਚ ਪੂਰੇ ਦਿਨ ਦੇ ਕੰਮ ਪਿਛੋਂ ਥਕੇ ਹੋਏ ਸਬਜ਼ੀਆਂ ਖ਼ਰੀਦ ਕੇ ਘਰਾਂ ਨੂੰ ਜਾਂਦੇ ਮਜ਼ਦੂਰ ।

ਕਾਗ਼ਾਨ ਵੈਲੀ ਦੀ ਸੈਰ ਨੂੰ ਜਾਂਦਿਆਂ ਹੋਇਆਂ ਉਸ ਸ਼ਿੰਕਿਆਰੀ ਦੀ ਪਹਾੜੀ ਤੇ ਭੇਡਾਂ ਚਾਰਦ ਇਕ ਬੁਢੇ ਤੋਂ ਪੁਛਿਆ ਸੀ "ਬਾਬਾ ਏਥੇ ਨੇੜੇ ਕੋਈ ਹੋਰ ਵਸੋਂ ਵੀ ਹੈ ?"

"ਨਹੀਂ ਪੁੱਤ੍ਰ, ਦੋ ਮੀਲਾਂ ਤੋਂ ਉਰਾਂ ਏਥੇ ਅੱਲਾ ਦੇ ਨਾਂ ਬਿਨਾਂ ਹੋਰ ਕੁਝ ਨਹੀਂ ।" ਬੁਢੇ ਨੇ ਕਿਹਾ ਸੀ ।

ਪਰ ਅੱਧਾ ਹੀ ਮੀਲ ਅਗੇ ਇਕ ਇਕਲਵੰਜੀ ਟੀਸੀ ਕੋਲ ਪਹਾੜੀ ਵਿਚ ਦੋ ਦੁਰ੍ਹਾਂ ਜਹੀਆਂ ਆ ਗਈਆਂ ਸਨ । ਇਕ ਦੁਰ੍ਹ ਵਿਚ ਇਕ ਗਾਂ ਬੱਧੀ ਹੋਈ ਸੀ ਤੇ ਦੂਜੀ ਵਿਚ ਦੋ ਮਾਵਾਂ ਧੀਆਂ ਖ਼ੁਸ਼ੀ ਖ਼ੁਸ਼ੀ ਗੱਲਾਂ ਕਰ ਰਹੀਆਂ ਸਨ । "ਜੇ ਸੁਖੀ ਜੀਵਨ ਅੱਧੇ ਮੀਲ ਤੀਕਰ ਜਾਣ ਪਛਾਣ ਵਧਾਇਆਂ ਬਗ਼ੈਰ ਵੀ ਸੰਭਵ ਹੈ ਤਾਂ ਇਨਸਾਨ ਦੇ ਸਿਰ ਤੇ ਭੂਤ ਕਿਉਂ ਸਵਾਰ ਹਵੇ" ਭਗਵੰਤ ਨੇ ਸੋਚਿਆ ਸੀ ।

ਉਸ ਦਾ ਦਿਨ ਪੜ੍ਹਨ ਲਿਖਣ ਤੇ ਖੇਡਣ ਕੁੱਦਣ ਵਿਚ ਲੰਘਦਾ ਸੀ ਪਰ ਜਿਹੜੀ ਚੀਜ਼ ਇਨ੍ਹਾਂ ਸਾਰਿਆਂ ਕੰਮਾਂ ਤੇ ਸੋਨੇ ਦਾ ਪਾਣੀ ਫੇਰਦੀ ਸੀ ਉਹ ਹਫ਼ਤੇ ਵਿਚ ਇਕ ਅੱਧੀ ਵੇਰ ਜੀਤਾਂ ਨਾਲ ਗੱਲ ਬਾਤ ਸੀ।

ਜੀਤਾਂ ਨਾਲ ਉਸ ਦੀ ਜਾਣ ਪਛਾਣ ਬਹੁਤ ਪੁਰਾਣੀ ਸੀ। ਇਕੋ ਉਮਰ ਤੇ ਇਕੋ ਜਮਾਤ ਵਿਚ ਸਨ ਤੇ ਇਨ੍ਹਾਂ ਦੀਆਂ ਮਾਵਾਂ ਦਾ ਆਪਸ ਵਿਚ ਡੂੰਘਾ ਪਿਆਰ ਸੀ। ਸ਼ਾਮ ਨੂੰ ਜਦੋਂ ਉਹ ਦੋਵੇਂ ਸੈਰ ਕਰਨ ਜਾਂਦੀਆਂ ਸਨ ਤਾਂ ਇਹ ਦੋਵੇਂ ਉਨ੍ਹਾਂ ਤੋਂ ਬਹੁਤ ਅਗੇ ਨਿਕਲ ਜਾਂਦੇ ਤੇ ਭੱਜ ਭੱਜ ਕੇ ਖਾਲ ਤੋਂ ਡੱਡੂਆਂ ਤੇ ਟਟਾਹਰਿਆਂ ਨੂੰ ਫੜਦੇ। ਕਾਪੀਆਂ ਕਤਾਬਾਂ ਵਟਾਣੀਆਂ ਤੇ ਨਿੱਬਾਂ ਪੈਨਸਿਲਾਂ ਮੰਗਣੀਆਂ ਵਾਹਵਾ ਦਿਲ ਪਰਚਾਊ ਸ਼ੁਗਲ ਸਨ। ਇਸ ਤਰ੍ਹਾਂ ਇਕ ਦੂਜੇ ਦੇ ਘਰ ਆਉਣ ਜਾਣ ਦੇ ਅਵਸਰ ਮਿਲਦੇ। ਦੋਹਾਂ ਦੇ ਕਮਰੇ ਦੀ ਇਕ ਕੰਧ ਤੇ ਇਕ ਦੂਜੇ ਦੇ ਉਸ ਕਮਰੇ ਵਿਚ ਆਉਣ ਦੀਆਂ ਤਰੀਕਾਂ ਲਿਖੀਆਂ ਹੁੰਦੀਆਂ ਸਨ ਤੇ ਇਹ ਤਰੀਕਾਂ ਵਧਾਉਣ ਲਈ ਆਪਸ ਵਿਚ ਦੌੜ ਲੱਗੀ ਰਹਿੰਦੀ ਸੀ। ਇਕ ਦਿਨ ਜੀਤਾਂ ਨੇ ਨਹਾ ਕੇ ਮਸਾਂ ਕਮੀਜ਼ ਹੀ ਪਾਈ ਸੀ ਕਿ ਭਗਵੰਤ ਉਸ ਦੇ ਇਸ਼ਨਾਨ ਕਮਰੇ ਵਿਚ ਆ ਗਿਆ।

"ਓਹੋ ਕਮੀਜ਼ ਤੇ ਪੁੱਠੀ ਪੈ ਗਈ ਹੈ!" ਜੀਤਾਂ ਨੇ ਸਲਵਾਰ ਪਾਣ ਤੋਂ ਪਹਿਲਾਂ ਕਮੀਜ਼ ਦੀਆਂ ਸੀਉਣਾਂ ਵੇਖ ਕੇ ਕਿਹਾ।

"ਲਾਹ ਕੇ ਸਿੱਧੀ ਕਰ ਲੈ।"

"ਲਾਹਵਾਂ ਕਿਸ ਤਰ੍ਹਾਂ? ਅੱਛਾ ਤੂੰ ਪਰ੍ਹਾਂ ਨੂੰ ਵੇਖਦਾ ਰਹੀਂ ਮੈਂ ਝਟ ਪਟ ਲਾਹ ਕੇ ਠੀਕ ਕਰ ਲੈਂਦੀ ਹਾਂ।"

ਭਗਵੰਤ ਨੇ "ਚੰਗਾ" ਤੇ ਆਖ ਦਿਤਾ ਪਰ ਮੌਕਾ ਤਾੜ ਕੇ ਝਟ ਹੀ ਬਚਨ ਤੋੜ ਦਿਤਾ।

"ਬੜਾ ਬੇਈਮਾਨ ਹੈਂ ਤੂੰ ਤੇ" ਜੀਤਾਂ ਝਟ ਪਟ ਕੱਠੀ ਹੋ ਕੇ

ਸੋਠ ਗਈ।

ਇਕ ਹੋਰ ਦਿਨ ਭਗਵੰਤ ਬਾਜ਼ਾਰੋਂ ਇਕ ਵਧੀਆ ਕੜਾ ਪਵਾ ਲਿਆਇਆ ਸੀ। ਬਿਸਤਰੇ ਵਿਚ ਲੇਟੀ ਜੀਤਾਂ ਨੇ ਵੇਖਣ ਲਈ ਕੜਾ ਲਿਆ ਤੇ ਪ੍ਰਤਾਣੇ ਇਨਕਾਰ ਕਰ ਦਿਤਾ। ਭਗਵੰਤ ਧਕੇ ਜ਼ੋਰੀ ਖੋਹਣ ਲੱਗਾ ਪਰ ਜੀਤਾਂ ਨੇ ਛੇਤੀ ਛੇਤੀ ਰਜ਼ਾਈ ਆਪਣੇ ਉਤੇ ਸੁਟ ਲਈ। ਰਜ਼ਾਈ ਦੇ ਹੇਠਾਂ ਹੱਥ ਪਾ ਕੇ ਭਗਵੰਤ ਨੂੰ ਕੜੇ ਵਾਲੀ ਗੱਲ ਭੁਲ ਗਈ। ਛਾਤੀ ਦੇ ਇਕ ਉਭਰੇ ਹੋਏ ਨਿਸ਼ਾਨ ਨੂੰ, ਜਿਸ ਨੂੰ ਉਹ ਪਹਿਲਾਂ ਕੇਵਲ ਵੇਖ ਕੇ ਹੀ ਹਿਰਸਦਾ ਹੁੰਦਾ ਸੀ, ਉਸ ਘੁਟ ਕੇ ਫੜ ਲਿਆ। ਝਿਰੜ ਕਰਦੀਆਂ ਨਾੜਾਂ ਹਥੋਂ ਨਿਕਲ ਗਈਆਂ। ਜੀਤਾਂ ਪਹਿਲਾਂ ਨਾਲੋਂ ਵੀ ਜ਼ੋਰ ਦਾ ਹੱਸਣ ਲਗ ਪਈ। ਸ਼ਰਾਬੀਆਂ ਵਾਂਗ ਧੌਣ ਸੁਟੀ ਉਹ ਅੱਖਾਂ ਉਘੇੜ ਉਘੇੜ ਕੇ ਫਿਰ ਮੀਟਦੀ ਸੀ ਪਰ ਭਗਵੰਤ ਕੁਝ ਸ਼ਰਮਿੰਦਾ ਹੋ ਰਿਹਾ ਸੀ। ਇਸ ਤੋਂ ਅਗੇਰੇ ਉਹ ਕੋਈ ਕਦਮ ਪੁਟਣਾ ਨਹੀਂ ਜਾਣਦਾ ਸੀ।

ਦੋਹਾਂ ਦੇ ਕਾਲਜ ਦਾਖ਼ਲ ਹੋਣ ਪਿਛੋਂ ਕੰਮ ਕੁਝ ਢਿਲਾ ਪੈ ਗਿਆ ਸੀ। ਚੌਕੀਦਾਰਾ ਵਧੇਰੇ ਸਖ਼ਤ ਹੋ ਗਿਆ ਤੇ ਅੰਜਾਣਿਆਂ ਵਾਲਾ ਗੂੜ੍ਹ ਬਚਪਨ ਦੇ ਨਾਲ ਹੀ ਮੁਕ ਗਿਆ ਸੀ। ਉਨ੍ਹਾਂ ਦੇ ਘਰ ਪਾਏ ਹਰ ਫੇਰੇ ਦਾ ਕੁਝ ਕਾਰਨ ਦਸਣਾ ਪੈਂਦਾ ਸੀ। ਫਿਰ ਵੀ ਜੀਤਾਂ ਜਦੋਂ ਮਿਲਦੀ ਬੜੀਆਂ ਗੱਲਾਂ ਸੁਣਾਂਦੀ। ਕਾਲਜ ਵਿਚ ਉਸ ਇਕ ਵੇਰ ਸਾਰੀਆਂ ਸੁਤੀਆਂ ਕੁੜੀਆਂ ਦੇ ਮੂੰਹ ਤੇ ਤਵੇ ਦੀ ਸਿਆਹੀ ਮਲ ਦਿਤੀ ਤੇ ਇਕ ਹੋਰ ਵੇਰ ਕਾਲਜ ਵਿਚ ਇਕ ਸਿਖ ਚੋਰ ਆ ਵੜਿਆ ਤੇ ਸਾਰੀਆਂ ਕੁੜੀਆਂ ਰਲ ਕੇ ਉਸ ਨੂੰ ਬੜਾ ਕੁਟਿਆ ਸੀ।

ਪਰ ਹੁਣ ਭਗਵੰਤ ਇਕ ਅਵਾਰਾ ਮੁੰਡਾ ਸਮਝਿਆ ਜਾਂਦਾ ਸੀ, ਤੇ ਜੀਤਾਂ ਦੀ ਮੰਗਣੀ ਹੋ ਗਈ ਸੀ।

ਮਿਸਿਜ਼ ਦੁੱਗਲ ਨੇ ਗੁਰਪੁਰਬ ਦਾ ਚੰਦਾ ਇਕੱਠਾ ਕੀਤਾ ਸੀ

ਤੇ ਰਸੀਦਾਂ ਵੰਡਣੀਆਂ ਬਾਕੀ ਸਨ । ਭਗਵੰਤ ਨੇ ਇਹ ਸੇਵਾ ਖ਼ੁਸ਼ੀ ਖ਼ੁਸ਼ੀ ਆਪਣੇ ਉਪਰ ਲੈ ਲਈ। ਜੀਤਾਂ ਦੇ ਘਰ ਜਾਣ ਦਾ ਬਹਾਨਾ ਮਿਲ ਚੁਕਿਆ ਸੀ "ਇਹ ਰਸੀਦਾਂ ਤੁਹਾਨੂੰ ਕਿਸ ਦਿਤੀਆਂ ਹਨ ?" ਆਪਣੀ ਮਾਂ ਦੇ ਕੋਲ ਮੰਜੀ ਤੇ ਬੈਠੀ ਜੀਤਾਂ ਨੇ ਕਿਹਾ।

"ਮਿਸਿਜ਼ ਦੁੱਗਲ ਨੇ।"

"ਤੇ ਤੁਸੀਂ ਮਿਸਿਜ਼ ਦੁੱਗਲ ਦੇ ਅਰਦਲੀ ਹੋ ?" ਜੀਤਾਂ ਮਖ਼ੌਲ ਦੀ ਹੱਦ ਲੰਘ ਕੇ ਕੌੜੀ ਹੁੰਦੀ ਜਾ ਰਹੀ ਸੀ।

"ਹਾਂ।"

"ਕੰਵਲ ਨੂੰ ਵੀ ਇਕ ਅਰਦਲੀ ਦੀ ਲੋੜ ਹੈ। ਤੁਸੀਂ ਉਸ ਦੇ ਵੀ ਅਰਦਲੀ ਕਿਉਂ ਨਹੀਂ ਬਣ ਜਾਂਦੇ ?"

ਕੰਵਲ ਇਕ ਟਰੇਂਡ ਦਾਈ ਸੀ ਤੇ ਲਿੰਗਕ ਕੰਮਾਂ ਵਿਚ ਬਹੁਤ ਖੁੱਲ੍ਹੀ ਸੀ। ਇਸ ਨਾਲ ਵਾਸਤਾ ਪੈਦਾ ਕਰਨ ਦੀ ਸਲਾਹ ਦੇ ਕੇ ਜੀਤਾਂ ਭਗਵੰਤ ਦੀ ਲਿੰਗ ਭੁਖ ਦਾ ਮਖ਼ੌਲ ਉਡਾ ਰਹੀ ਸੀ। ਚੂੰਕਿ ਉਹ ਮਿਸਿਜ਼ ਦੁੱਗਲ ਵਾਸਤੇ ਰਸੀਦਾਂ ਵੰਡਦਾ ਫਿਰਦਾ ਸੀ, ਇਸ ਲਈ ਉਹ ਭੁੱਖਾ ਤੇ ਲੋੜਵੰਦ ਸੀ। ਚੂੰਕਿ ਉਹ ਮਖੱਟੂ ਸੀ ਇਸ ਲਈ ਉਸ ਦੀ ਇਹ ਭੁੱਖ ਹਾਸੋਹੀਣੀ ਸੀ ਤੇ ਜੀਤਾਂ ਉਸ ਦਾ ਮਖ਼ੌਲ ਉਡਾ ਰਹੀ ਸੀ । ਜਿਸ ਬਰੂਟੀ ਵਿਚ ਤਿੱਤਰ ਹਫਿਆ ਹੋਇਆ ਤੇ ਸ਼ਿਕਾਰੀਆਂ ਤੋਂ ਜਾਨ ਬਚਾਂਦਾ ਹੋਇਆ ਆ ਕੇ ਦਮ ਲੈਂਦਾ ਹੁੰਦਾ ਸੀ ਉਸ ਬਰੂਟੀ ਵਿਚੋਂ ਅੱਜ ਝੁਲਸ ਦੇਣ ਵਾਲੀ ਹਵਾੜ ਆ ਰਹੀ ਸੀ। ਉਸ ਦੇ ਖੇਵਨਹਾਰ ਨੇ ਬੇ-ਮੁਖ ਹੋ ਕੇ ਠਾਠਾਂ ਮਾਰਦੇ ਦਰਿਆ ਵਿਚ ਬੇੜੀ ਸੰਦੀ ਹੀ ਠੇਲ੍ਹ ਦਿੱਤੀ ਸੀ। ਆਖ਼ਰ ਇਹ ਇਸ ਕਾਰਨ ਹੀ ਸੀ ਕਿ ਉਹ ਨਕਾਰਾ ਤੇ ਬਿਅਰਥ ਸੀ। ਖੇਵਨਹਾਰ ਨੂੰ ਫਿਰ ਇਸ ਬੇੜੀ ਵਲ ਧਿਆਨ ਦੇਣਾ ਹੀ ਪਵੇਗਾ।

ਰਾਤ ਨੂੰ ਅੱਖ ਲਗਦਿਆਂ ਹੀ ਉਹ ਆਈ. ਸੀ. ਐਸ. ਦੇ

ਚੋਣ ਬੋਰਡ ਸਾਹਮਣੇ ਅੱਪੜ ਗਿਆ। ਚੋਣ ਬੋਰਡ ਨੇ ਉਸ ਦੀ ਸੂਝ ਤੇ ਚਤਰਾਈ ਵੇਖਣ ਲਈ ਛੋਤੀ ਛੋਤੀ ਸਵਾਲਾਂ ਦੇ ਜਵਾਬ ਲਿਖਵਾਏ। ਮਨੋ ਵਿਗਿਆਨ ਦੇ ਜਾਣੂਆਂ ਉਸ ਦੇ ਮਨ ਦਾ ਝੁਕਾਉ ਵੇਖਣ ਲਈ ਮੂਰਤਾਂ ਵਖਾ ਕੇ ਉਨ੍ਹਾਂ ਤੇ ਕਹਾਣੀਆਂ ਲਿਖਵਾਈਆਂ। ਸਿਵਲ ਸਰਵਿਸ ਦੇ ਪੁਰਾਣੇ ਅਫ਼ਸਰਾਂ ਉਸ ਦੇ ਜ਼ਿਲੇ ਵਿਚ ਦਰਿਆਵਾਂ ਵਿਚ ਕਾਂਗਾਂ ਨਾਲ ਤਬਾਹੀ, ਹਿੰਦੂ ਮੁਸਲਿਮ ਫ਼ਸਾਦ, ਕਾਰਖ਼ਾਨਿਆਂ ਵਿਚ ਹੜਤਾਲਾਂ ਤੇ ਬਲਵੇ, ਅਖ਼ਬਾਰਾਂ ਦੀ ਬਗ਼ਾਵਤ, ਗਵਰਨਰ ਦੇ ਆਉਣ ਦਾ ਬੰਦੋਬਸਤ ਆਦਿ ਕਰੜੀਆਂ ਗੁੰਝਲਾਂ ਉਸ ਦੇ ਸਾਹਮਣੇ ਰਖੀਆਂ। ਤਿੰਨਾਂ ਦਿਨਾਂ ਦੇ ਪੇਚਦਾਰ ਘੋਲ ਪਿਛੋਂ ਉਸ ਦੇ ਪਾਸ ਹੋਣ ਦਾ ਐਲਾਨ ਕੀਤਾ ਗਿਆ। ਤਿੰਨਾਂ ਵਰ੍ਹਿਆਂ ਪਿਛੋਂ ਉਹ ਬਦਲ ਕੇ ਜੀਤਾਂ ਦੇ ਸੋਹਰੇ ਜ਼ਿਲੇ ਵਿਚ ਡਿਪਟੀ ਕਮਿਸ਼ਨਰ ਜਾ ਲੱਗਾ।

"ਇਕ ਸਰਦਾਰ ਤੇ ਸਰਦਾਰਨੀ ਜੀ ਨੇ ਇਹ ਦਰਖ਼ਾਸਤ ਦਿਤੀ ਹੈ ਤੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਹਨ।" ਚਪੜਾਸੀ ਨੇ ਅੰਦਰ ਆ ਕੇ ਕਿਹਾ।

ਦਰਖਾਸਤ ਇਕ ਬੰਦੂਕ ਦੇ ਲਾਇਸੈਂਸ ਬਾਰੇ ਸੀ।

"ਲੈ ਆਓ।"

ਜੀਤਾਂ ਮੁਸਕ੍ਰਾਂਦੀ ਹੋਈ ਆਪਣੇ ਪਤੀ ਸਮੇਤ ਅੰਦਰ ਆਈ।

"ਸਤਿ ਸ੍ਰੀ ਅਕਾਲ" ਦੇ ਜਵਾਬ ਵਿਚ ਭਗਵੰਤ ਨੇ ਥੋੜਾ ਜਿਹਾ ਸਿਰ ਹਲਾਇਆ ਤੇ ਫਿਰ ਗੰਭੀਰ ਤੇ ਅਹਿਲ ਆਪਣੀ ਕੁਰਸੀ ਤੇ ਬੈਠਾ ਰਿਹਾ।

"ਇਹਨਾਂ ਨੂੰ ਇਕ ਬੰਦੂਕ ਦਾ ਲਾਇਸੈਂਸ ਚਾਹੀਦਾ ਹੈ ਜੀ।"

"ਲਾਇਸੈਂਸਾਂ ਬਾਰੇ ਤਾਂ ਗੌਰਮਿੰਟ ਦਾ ਰਵਈਯਾ ਬੜਾ ਸਖ਼ਤ ਹੋ ਗਿਆ ਹੈ, ਅਸੀ ਤੇ ਸਗੋਂ ਦਿਤੇ ਹੋਏ ਲਾਇਸੈਂਸ ਵੀ ਵਾਪਸ ਲੈ ਰਹੇ ਹਾਂ।" ਭਗਵੰਤ ਨੇ ਅੰਗਰੇਜ਼ੀ ਵਿਚ ਕਿਹਾ।

"ਨਹੀਂ ਭਗਵੰਤ ਜੀ ਇਹ ਬਹੁਤ ਜ਼ਰੂਰੀ ਹੈ। ਇਕ ਲਾਇਸੈਂਸ ਤੁਹਾਡੇ ਵਾਸਤੇ ਕੀ ਮੁਸ਼ਕਲ ਹੈ।" ਜੀਤਾਂ ਨੇ ਤਰਲੇ ਨਾਲ ਕਿਹਾ।

"ਚੰਗਾ ਜਿਸ ਤਰ੍ਹਾਂ ਕਹਿੰਦੇ ਹੋ, ਪਰ ਤੁਸੀਂ ਦੋ ਲਾਇਸੰਸ ਕਿਉਂ ਨਹੀਂ ਲੈ ਲੈਂਦੇ। ਇਕ ਬੰਦੂਕ ਨਾਲ ਤੁਸੀਂ ਸ਼ਿਕਾਰ ਖੇਡਦੇ ਫਿਰਿਆ ਕਰਨਾ।"

"ਤੁਸੀਂ ਮਖ਼ੌਲ ਹੀ ਕਰਦੇ ਰਹਿੰਦੇ ਹੋ ਜਿਸ ਤਰ੍ਹਾਂ ਮੈਂ ਅਜੇ ਵੀ ਅੰਜਾਣੀ ਹੁੰਦੀ ਹਾਂ।"

ਰਜ਼ਾਈ ਰੱਜ ਕੇ ਨਿੱਘੀ ਤੇ ਕੂਲੀ ਸੀ ਤੇ ਭਗਵੰਤ ਇਸ ਵਿਚ ਪਿਆ ਹੌਲਾ ਫੁਲ ਮਹਿਸੂਸ ਕਰ ਰਿਹਾ ਸੀ।